# ਤਪਦਿਕ (ਟੀਬੀ)
# Tuberculosis (TB)

## ਤਪਦਿਕ ਕੀ ਹੈ?

ਟੀਬੀ ਹਵਾ ਰਾਹੀਂ ਫੈਲਣ ਵਾਲੇ ਰੋਗਾਣੂ (ਬੈਕਟੀਰੀਆ) ਕਰਕੇ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਹੈ।

ਟੀਬੀ ਆਮਤੌਰ ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਗ੍ਰੰਥੀਆਂ (ਗਲੈਂਡਾਂ), ਹੱਡੀਆਂ, ਜੋੜਾਂ, ਗੁਰਦਿਆਂ, ਦਿਮਾਗ ਅਤੇ ਜਨਨ ਅੰਗਾਂ ਵਰਗੇ ਸਰੀਰ ਦੇ ਦੂਸਰੇ ਹਿੱਸਿਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਟੀਬੀ ਠੀਕ ਹੋ ਸਕਦੀ ਹੈ।ਬੀ.ਸੀ. ਵਿੱਚ, ਟੀ ਬੀ ਨੂੰ ਰੋਕਣ, ਜਾਂ ਟੀ ਬੀ ਦਾ ਇਲਾਜ ਕਰਨ ਲਈ ਦਵਾਈਆਂ, ਪ੍ਰੋਵਿੰਸ਼ੀਅਲ ਟੀਬੀ ਸਰਵਿਸਿਜ਼ ਕਲੀਨਿਕਾਂ ਅਤੇ ਪਬਲਿਕ ਹੈਲਥ ਯੂਨਿਟਾਂ ਰਾਹੀਂ ਮੁਫਤ ਹਨ। ਬੀ.ਸੀ. ਵਿੱਚ, ਅਸੀਂ ਬੈਸੀਲ ਕੈਲਮੇਟ-ਗੁਏਰਿਨ (BCG) ਵੈਕਸੀਨ ਮੁਹੱਈਆ ਨਹੀਂ ਕਰਦੇ ਹਾਂ ਅਤੇ ਇਹ ਕੈਨੇਡਾ ਵਿੱਚ ਨਿਯਮਿਤ ਤੌਰ 'ਤੇ ਉਪਲਬਧ ਨਹੀਂ ਹੈ।

## ਟੀਬੀ ਕਿਵੇਂ ਫੈਲਦੀ ਹੈ?

ਟੀਬੀ ਹਵਾ ਦੇ ਰਾਹੀਂ ਵਿਅਕਤੀ ਤੋਂ ਵਿਅਕਤੀ ਤੱਕ ਫੈਲਦੀ ਹੈ ਜਦੋਂ ਫੇਫੜਿਆਂ ਵਿੱਚ ਟੀਬੀ ਦੇ ਨਾਲ ਬਿਮਾਰ ਕੋਈ ਵਿਅਕਤੀ ਖੰਘਦਾ, ਛਿੱਕਦਾ, ਗਾਉਂਦਾ ਜਾਂ ਗੱਲ ਕਰਦਾ ਹੈ। ਜੇ ਤੁਸੀਂ ਟੀਬੀ ਦੇ ਬੈਕਟੀਰੀਆ ਵਾਲੀ ਹਵਾ ਸਾਹ ਰਾਹੀਂ ਅੰਦਰ ਲੈਂਦੇ ਹੋ ਤਾਂ ਤੁਸੀਂ ਵਿਗਾੜਗ੍ਰਸਤ ਹੋ ਸਕਦੇ ਹੋ।ਆਮਤੌਰ ਤੇ, ਤੁਹਾਡੇ ਟੀਬੀ ਨਾਲ ਵਿਗਾੜਗ੍ਰਸਤ ਹੋਣ ਵਾਸਤੇ ਫੇਫੜਿਆਂ ਵਿੱਚ ਟੀਬੀ ਦੇ ਨਾਲ ਬਿਮਾਰ ਵਿਅਕਤੀ ਦੇ ਨਾਲ ਨਜ਼ਦੀਕੀ, ਨਿਯਮਿਤ ਸੰਪਰਕ ਦੀ ਅਰਥਪੂਰਨ ਮਾਤਰਾ ਦੀ ਲੋੜ ਹੁੰਦੀ ਹੈ।ਟੀਬੀ ਬੈਕਟੀਰੀਆ ਦੇ ਨਾਲ ਵਿਗਾੜਗ੍ਰਸਤ ਹਰ ਵਿਅਕਤੀ ਟੀਬੀ ਬਿਮਾਰੀ ਦੇ ਨਾਲ ਬਿਮਾਰ ਨਹੀਂ ਹੋਏਗਾ।

## ਟੀਬੀ ਵਿਗਾੜ ਅਤੇ ਟੀਬੀ ਬਿਮਾਰੀ ਵਿੱਚ ਕੀ ਫਰਕ ਹੈ?

ਟੀਬੀ ਵਿਗਾੜ ਉਸ ਵੇਲੇ ਹੁੰਦਾ ਹੈ ਜਦੋਂ ਤੁਸੀਂ ਟੀਬੀ ਦੇ ਬੈਕਟੀਰੀਆ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਲੈ ਲੈਂਦੇ ਹੋ ਅਤੇ ਤੁਹਾਡੇ ਸਰੀਰ ਦੀਆਂ ਰੱਖਿਆਵਾਂ ਬੈਕਟੀਰੀਆ ਨੂੰ ਵੱਧਣ ਅਤੇ ਤੁਹਾਨੂੰ ਬਿਮਾਰ ਕਰਨ ਤੋਂ ਰੋਕਦੀਆਂ ਹਨ।ਟੀਬੀ ਨਾਲ ਵਿਗਾੜਗ੍ਰਸਤ ਵਿਅਕਤੀ ਬਿਮਾਰ ਮਹਿਸੂਸ ਨਹੀਂ ਕਰੇਗਾ, ਅਤੇ ਟੀਬੀ ਦੇ ਬੈਕਟੀਰੀਆ ਨੂੰ ਦੂਸਰਿਆਂ ਤੱਕ ਫੈਲਾ ਨਹੀਂ ਸਕਦਾ।ਇਸ ਨੂੰ "ਸੋਈ ਹੋਈ ਟੀਬੀ" ("sleeping TB") ਜਾਂ ਨਿਹਿਤ (latent) ਟੀਬੀ ਵਿਗਾੜ (LTBI) ਵੀ ਕਿਹਾ ਜਾਂਦਾ ਹੈ।

ਟੀਬੀ ਬਿਮਾਰੀ ਉਸ ਵੇਲੇ ਹੁੰਦੀ ਹੈ ਜਦੋਂ ਤੁਸੀਂ ਟੀਬੀ ਦੇ ਬੈਕਟੀਰੀਆ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਲੈ ਲੈਂਦੇ ਹੋ ਅਤੇ ਬੈਕਟੀਰੀਆ ਸੰਖਿਆ ਵਿੱਚ ਵੱਧਣ ਲਗਦੇ ਹਨ ਅਤੇ ਸੰਭਵ ਹੈ ਕਿ ਉਹ ਤੁਹਾਡੇ ਸਾਰੇ ਸਰੀਰ ਵਿੱਚ ਫੈਲ ਜਾਣ।ਤੁਸੀਂ ਬਿਮਾਰ ਮਹਿਸੂਸ ਕਰ ਸਕਦੇ ਹੋ ਜਾਂ ਨਹੀਂ, ਅਤੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ ਇਸ ਤੇ ਨਿਰਭਰ ਕਰਦਾ ਹੈ ਕਿ ਟੀਬੀ ਬੈਕਟੀਰੀਆ ਕਿਥੇ ਵੱਧ ਰਿਹਾ ਹੈ। ਜਦੋਂ ਤੁਹਾਡੇ ਫੇਫੜਿਆਂ ਦੇ ਵਿੱਚ ਵੱਧਦੀ ਹੋਈ ਟੀਬੀ ਬਿਮਾਰੀ ਮੌਜੂਦ ਹੈ ਤਾਂ ਤੁਸੀਂ ਆਪਣੇ ਆਸੇ ਪਾਸੇ ਦੇ ਲੋਕਾਂ ਤੱਕ ਟੀਬੀ ਫੈਲਾ ਸਕਦੇ ਹੋ।ਅਸੀਂ ਇਸ ਨੂੰ ਸਕ੍ਰਿਏ ਟੀਬੀ ਬਿਮਾਰੀ ਕਹਿੰਦੇ ਹਾਂ।

## ਟੀਬੀ ਵਿਗਾੜ ਦੇ ਟੀਬੀ ਬਿਮਾਰੀ ਬਣ ਜਾਣ ਦੇ ਕੀ ਸੰਜੋਗ ਹਨ?

ਜੇ ਤੁਸੀਂ ਸਿਹਤਮੰਦ ਵਿਅਕਤੀ ਹੋ ਅਤੇ ਤੁਹਾਨੂੰ ਨਿਹਿਤ ਟੀਬੀ ਵਿਗਾੜ ਹੈ, ਤਾਂ ਤੁਹਾਡਾ ਆਪਣੇ ਜੀਵਨ ਦੇ ਦੌਰਾਨ ਸਕ੍ਰਿਏ ਟੀਬੀ ਬਿਮਾਰੀ ਵਿਕਸਤ ਕਰਨ ਦਾ 5 ਤੋਂ 10 ਪ੍ਰਤੀਸ਼ਤ ਸੰਜੋਗ ਹੈ।ਪਰ, ਜੇ ਤੁਹਾਡੇ ਸਰੀਰ ਦੀ ਬਿਮਾਰੀ ਤੋਂ ਬਚਾਉਣ ਵਾਲੀ ਪ੍ਰਣਾਲੀ ਮੈਡੀਕਲ ਬਿਮਾਰੀ ਜਾਂ ਤੇਜ਼ ਦਵਾਈਆਂ ਕਰਕੇ ਕਮਜ਼ੋਰ ਹੈ, ਤਾਂ ਇਸ ਗੱਲ ਦਾ ਜਿਆਦਾ ਜੋਖਮ ਹੈ ਕਿ ਤੁਸੀਂ ਸਕ੍ਰਿਏ ਟੀਬੀ ਬਿਮਾਰੀ ਵਿਕਸਤ ਕਰ ਸਕਦੇ ਹੋ।ਉਦਹਾਰਣ ਲਈ, ਹਿਊਮਨ ਇਮਯੂਨੋਡੈਫੀਸ਼ੈਂਸੀ ਵਾਇਰਸ (HIV) ਵਿਗਾੜ ਅਤੇ ਟੀਬੀ ਵਿਗਾੜ ਵਾਲੇ ਲੋਕਾਂ ਨੂੰ ਸਕ੍ਰਿਏ ਟੀਬੀ ਦਾ ਬਹੁਤ ਜਿਆਦਾ ਖਤਰਾ ਹੈ।ਡਾਇਬਿਟੀਜ਼ ਰੋਗ ਅਤੇ ਟੀਬੀ ਵਿਗਾੜ ਵਾਲੇ ਲੋਕਾਂ ਨੂੰ ਦਰਮਿਆਨਾ ਖਤਰਾ ਹੈ।

## ਟੀਬੀ ਬਿਮਾਰੀ ਦੇ ਕੀ ਲੱਛਣ ਹਨ?

ਫੇਫੜਿਆਂ ਦੀ ਸਕ੍ਰਿਏ ਟੀਬੀ ਬਿਮਾਰੀ ਦੇ ਲੱਛਣਾਂ ਵਿਚ ਸ਼ਾਮਲ ਹਨ 2 ਹਫਤਿਆਂ ਜਾਂ ਉਸ ਤੋਂ ਵੱਧ ਲਈ ਖੰਘ (ਸੁੱਕੀ ਜਾਂ ਗਿੱਲੀ), ਬਲਗਮ (ਸਪੁਟਮ), ਸੀਨੇ ਵਿੱਚ ਦਰਦ ਅਤੇ ਸਾਹ ਚੜ੍ਹਨਾ। ਸਪੁਟਮ, ਉਹ ਲੇਸਦਾਰ ਪਦਾਰਥ ਜਾਂ ਬਲਗਮ ਹੈ ਜਿਸਨੂੰ ਤੁਸੀਂ ਆਪਣੇ ਫੇਫੜਿਆਂ ਦੇ ਅੰਦਰੋਂ ਖੰਘ ਕੇ ਕੱਢਦੇ ਹੋ। ਤੁਹਾਨੂੰ ਬਿਨਾਂ ਕਾਰਨ ਭਾਰ ਵਿੱਚ ਕਮੀ, ਬੁਖਾਰ, ਰਾਤ ਨੂੰ ਪਸੀਨਾ ਆਉਣਾ, ਭੁੱਖ ਨਾ ਲਗਣਾ ਅਤੇ ਥਕਾਵਟ ਜਾਂ ਥਕੇਵਾਂ ਵੀ ਹੋ ਸਕਦਾ ਹੈ। ਜੇ ਟੀਬੀ ਨੇ ਤੁਹਾਡੇ ਸਰੀਰ ਦੇ ਦੂਸਰੇ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ ਹੈ, ਤਾਂ ਲੱਛਣ ਵੱਖਰੇ ਹੋ ਸਕਦੇ ਹਨ।

## ਟੀਬੀ ਲਈ ਮੇਰੀ ਜਾਂਚ (ਟੈਸਟ) ਕਿਵੇਂ ਕੀਤੀ ਜਾ ਸਕਦੀ ਹੈ?

ਜੇ ਤੁਹਾਨੂੰ ਟੀਬੀ ਦੇ ਲੱਛਣ ਹੋ ਰਹੇ ਹਨ ਜਾਂ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਕੀ ਤੁਹਾਨੂੰ LTBI ਹੈ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਜਾਓ।ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਟੀਬੀ ਮੁਲਾਂਕਣ ਕਰੇਗਾ ਅਤੇ ਉਚਿਤ ਟੈਸਟਾਂ ਲਈ ਨਿਰਦੇਸ਼ਿਤ ਕਰੇਗਾ।ਤੁਹਾਡੇ ਟੀਬੀ ਟੈਸਟ(ਟੈਸਟਾਂ) ਦੇ ਕਾਰਨ ਦੇ ਆਧਾਰ 'ਤੇ ਲਾਗਤ ਹੋ ਸਕਦੀ ਹੈ।

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਟੀਬੀ ਵਿਗਾੜ ਲਈ ਜਾਂਚ ਕਰਨ ਟਿਯੁਬਰਕੁਲਿਨ (tuberculin) ਟੈਸਟ ਜਾਂ ਟੀਬੀ ਦਾ ਚਮੜੀ ਟੈਸਟ (skin test) ਵਰਤਦਾ ਹੈ। ਇਹ ਤੁਹਾਨੂੰ ਦੱਸਦਾ ਹੈ ਜੇਕਰ ਤੁਹਾਡੇ ਸਰੀਰ ਨੇ ਟੀਬੀ ਬੈਕਟੀਰੀਆ ਪਹਿਲਾਂ "ਦੇਖਿਆ" ਹੈ। ਇਹ, ਇਹ ਨਹੀਂ ਦੱਸਦਾ ਕਿ ਟੀਬੀ ਬੈਕਟੀਰੀਆ ਨਿਹਿਤ ਹਨ ਜਾਂ ਸਕ੍ਰਿਏ। ਟੀਬੀ ਚਮੜੀ ਦੀ ਜਾਂਚ ਬਾਰੇ ਹੋਰ ਜਾਣਕਾਰੀ ਲਈ, Healthfile#51d ਤਪਦਿਕ ਚਮੜੀ ਜਾਂਚ ਦੇਖੋ।

ਟੀਬੀ ਦੇ ਚਮੜੀ ਟੈਸਟ ਦੇ ਨਤੀਜੇ, ਜਾਂਚ ਕਰਵਾਉਣ ਲਈ ਤੁਹਾਡੇ ਕਾਰਨ, ਅਤੇ ਤੁਹਾਡੀ ਆਮ ਸਿਹਤ ਦਾ ਮਤਲਬ ਇਹ ਹੋ ਸਕਦਾ ਹੈ ਕਿ ਟੀਬੀ ਲਈ ਹੋਰ ਟੈਸਟ ਕੀਤੇ ਜਾਣ ਦੀ ਲੋੜ ਹੈ। ਹੋਰ ਜਿਆਦਾ ਟੈਸਟਾਂ ਵਿੱਚ ਟੀਬੀ ਦਾ ਖੂਨ ਦਾ ਟੈਸਟ, ਛਾਤੀ ਦਾ ਐਕਸ-ਰੇ, ਜਾਂ ਬਲਗਮ ਸ਼ਾਮਲ ਹੋ ਸਕਦੇ ਹਨ।

ਛਾਤੀ ਦਾ ਐਕਸ-ਰੇ ਅਤੇ ਬਲਗਮ ਦੇ ਨਮੂਨੇ ਆਮਤੌਰ ਤੇ ਸਕ੍ਰਿਏ ਟੀਬੀ ਬੀਮਾਰੀ ਵਾਸਤੇ ਟੈਸਟ ਕਰਨ ਲਈ ਵਰਤੇ ਜਾਂਦੇ ਹਨ। ਛਾਤੀ ਦਾ ਐਕਸ-ਰੇ ਤੁਹਾਡੇ ਫੇਫੜਿਆਂ ਦੀ ਤਸਵੀਰ ਹੁੰਦੀ ਹੈ ਜਿਸ ਦੀ ਪੜਤਾਲ ਤੁਹਾਡਾ ਡਾਕਟਰ ਇਹ ਦੇਖਣ ਲਈ ਕਰਦਾ ਹੈ ਜੇ ਟੀਬੀ ਦੇ ਬੈਕਟੀਰੀਆ ਤੁਹਾਡੇ ਫੇਫੜਿਆਂ ਵਿੱਚ ਵੱਧ ਰਹੇ ਹਨ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ (ਬਲਗਮ ਜਾਂ ਖੰਘਣ ਕਰਕੇ ਤੁਹਾਡੇ ਫੇਫੜਿਆਂ ਵਿੱਚ ਡੂੰਘੇ ਪੈਦਾ ਹੋਣ ਵਾਲੇ ਲੇਸਦਾਰ ਪਦਾਰਥ) ਨੂੰ ਇਹ ਦੇਖਣ ਲਈ ਪ੍ਰਯੋਗਸ਼ਾਲਾ ਵਿੱਚ ਭੇਜਦਾ ਹੈ, ਕਿ ਕੀ ਟੀਬੀ ਦੇ ਬੈਕਟੀਰੀਆ ਮੌਜੂਦ ਹਨ। ਹੋਰ ਜਾਣਕਾਰੀ ਲਈ, HealthLinkBC File #51b ਤਪਦਿਕ (ਟੀਬੀ) ਜਾਂਚ ਲਈ ਬਲਗਮ ਇਕੱਠੀ ਕਰਨਾ ਦੇਖੋ।

## ਮੈਂ ਜਾਂਚ (ਟੈਸਟ) ਕਿਥੇ ਕਰਵਾ ਸਕਦਾ/ਦੀ ਹਾਂ?

ਤੁਸੀਂ ਵੈਨਕੂਵਰ ਅਤੇ ਨਿਊ ਵੈਸਟਮਿੰਸਟਰ ਵਿੱਚ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ, ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੇ ਦਫ਼ਤਰ, ਇੱਕ ਟਰੈਵਲ ਹੈਲਥ ਕਲੀਨਿਕ, ਅਤੇ ਆਈਲੈਂਡ ਹੈਲਥ ਟੀਬੀ ਪ੍ਰੋਗਰਾਮ ਅਤੇ ਪ੍ਰੋਵਿੰਸ਼ੀਅਲ ਟੀਬੀ ਸਰਵਿਸਿਜ਼ ਕਲੀਨਿਕਾਂ ਵਿੱਚ ਟੈਸਟ ਕਰਵਾਉਣ ਦੇ ਯੋਗ ਹੋ ਸਕਦੇ ਹੋ।

ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਨੂੰ ਲੱਭਣ ਲਈ, www.immuinzebc.ca/finder 'ਤੇ ਇਮਿਊਨਾਈਜ਼ਬੀਸੀ ਫਾਈਂਡ ਏ ਕਲੀਨਿਕ ਲੋਕੇਟਰ 'ਤੇ ਜਾਓ।

ਆਪਣੇ ਨੇੜੇ ਟੀਬੀ ਟੈਸਟਿੰਗ ਸਥਾਨਾਂ ਨੂੰ ਲੱਭਣ ਲਈ, ਹੈਲਥਲਿੰਕ ਬੀਸੀ ਫਾਇੰਡ ਸਰਵਿਸਿਜ਼ ਐਂਡ ਰਿਸੋਰਸਿਜ਼ ਡਾਇਰੈਕਟਰੀ (HealthLinkBC FIND Services and Resources Directory) 'ਤੇ ਜਾਓ: www.healthlinkbc.ca/services-and-resources/find-services।

## ਇਲਾਜ ਕੀ ਹੈ?

ਤੁਸੀਂ LTBI ਅਤੇ ਸਕ੍ਰਿਏ ਟੀਬੀ ਬਿਮਾਰੀਆਂ ਦੋਵਾਂ ਦਾ ਇਲਾਜ ਕਰ ਸਕਦੇ ਹੋ। ਟੀਬੀ ਦੇ ਇਲਾਜ ਲਈ ਸਾਰੀਆਂ ਗੋਲੀਆਂ ਮੁਫਤ ਹਨ ਅਤੇ ਪ੍ਰੋਵਿੰਸ਼ੀਅਲ ਟੀਬੀ ਸਰਵਿਸਿਜ਼ ਅਤੇ ਪਬਲਿਕ ਹੈਲਥ ਯੂਨਿਟਾਂ ਦੁਆਰਾ ਉਪਲਬਧ ਹਨ। ਇਹ ਦਵਾਈ ਲੈਣ ਦੇ ਦੌਰਾਨ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਨਜ਼ਦੀਕੀ ਨਿਗਰਾਨੀ ਕਰੇਗਾ।

**ਨਿਹਿਤ ਟੀਬੀ ਵਿਗਾੜ ਦਾ ਇਲਾਜ:** LTBI ਦਾ ਇਲਾਜ "ਸੋਏ" ਹੋਏ ਟੀਬੀ ਬੈਕਟੀਰੀਆ ਨੂੰ "ਜਾਗਣ" ਅਤੇ ਤੁਹਾਨੂੰ ਬਿਮਾਰ ਕਰਨ ਤੋਂ ਰੋਕਣ ਵਿੱਚ ਮਦਦ ਕਰਦਾ ਹੈ। LTBI ਦਵਾਈਆਂ ਦੀ ਉਹਨਾਂ ਲੋਕਾਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਸਕ੍ਰੀਏ ਟੀਬੀ ਹੋਣ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੁੰਦੀ ਹੈ।

ਜੇਕਰ ਤੁਸੀਂ LTBI ਦਵਾਈਆਂ ਲੈਣਾ ਚਾਹੁੰਦੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਇਹ ਮਹੱਤਵਪੂਰਨ ਹੈ ਕਿ ਉਹ LTBI ਦਵਾਈਆਂ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਕਿ ਤੁਹਾਨੂੰ ਸਕ੍ਰੀਏ TB ਰੋਗ ਨਹੀਂ ਹੈ। ਹਰੇਕ ਗੋਲੀ ਦੇ ਦਵਾਈ ਸੰਬੰਧੀ ਬੁਰੇ ਅਸਰਾਂ ਨੂੰ ਸਮਝਣਾ ਅਤੇ ਇਹ ਜਾਣਨਾ ਕਿ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਦੋਂ ਫੋਨ ਕਰਨ ਦੀ ਲੋੜ ਹੈ ਵੀ ਮਹੱਤਵਪੂਰਨ ਹੈ।

**ਸਕ੍ਰਿਏ ਟੀਬੀ ਵਿਗਾੜ ਦਾ ਇਲਾਜ:** ਸਕ੍ਰਿਏ ਟੀਬੀ ਦਾ ਇਲਾਜ ਤੁਹਾਨੂੰ ਠੀਕ ਕਰਦਾ ਹੈ ਅਤੇ ਟੀਬੀ ਨੂੰ ਦੂਸਰੇ ਲੋਕਾਂ ਤੱਕ ਫੈਲਾਉਣ ਨੂੰ ਰੋਕਦਾ ਹੈ। ਗੋਲੀਆਂ ਦੇ ਮਿਸ਼ਰਨ ਨੂੰ 6 ਮਹੀਨੇ ਜਾਂ ਉਸ ਤੋਂ ਵੱਧ ਲਈ ਵਰਤਿਆ ਜਾਂਦਾ ਹੈ। ਤੁਹਾਡੇ ਲਈ ਦਿੱਤੀਆਂ ਗਈਆਂ ਸਾਰੀਆਂ ਗੋਲੀਆਂ ਨੂੰ ਨਿਰਦੇਸ਼ ਅਨੁਸਾਰ ਲੈਣਾ ਮਹੱਤਵਪੂਰਨ ਹੈ। ਟੀਬੀ ਦਾ ਇਲਾਜ ਲੰਮਾ ਸਮਾਂ ਲੈਂਦਾ ਹੈ ਕਿਉਂਕਿ ਟੀਬੀ ਦੇ ਬੈਕਟੀਰੀਆ ਤਾਕਤਵਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਖਤਮ ਕਰਨਾ ਮੁਸ਼ਕਲ ਹੁੰਦਾ ਹੈ। ਹਰੇਕ ਗੋਲੀ ਦੇ ਦਵਾਈ ਸੰਬੰਧੀ ਬੁਰੇ ਅਸਰਾਂ ਨੂੰ ਸਮਝਣਾ ਅਤੇ ਇਹ ਜਾਣਨਾ ਕਿ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਦੋਂ ਫੋਨ ਕਰਨ ਦੀ ਲੋੜ ਹੈ ਵੀ ਮਹੱਤਵਪੂਰਨ ਹੈ।

ਸਕ੍ਰਿਏ ਟੀਬੀ ਲਈ ਤੁਹਾਡੇ ਇਲਾਜ ਦੇ ਦੌਰਾਨ ਤੁਸੀਂ ਨਿਯਮਿਤ ਰੂਪ ਨਾਲ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਜਾਓਗੇ ਅਤੇ ਇਹ ਜਾਂਚਣ ਲਈ ਕਿ ਤੁਸੀਂ ਇਲਾਜ ਵਲ ਸਹੀ ਪ੍ਰਤੀਕਿਰਿਆ ਦਿਖਾ ਰਹੇ ਹੋ, ਛਾਤੀ ਦੇ ਕਈ ਐਕਸ-ਰੇ ਅਤੇ ਬਲਗਮ ਦੇ ਨਮੂਨੇ ਦਿਓਗੇ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦਸੇਗਾ ਕਿ ਕਦੋਂ ਤੁਹਾਡਾ ਤੁਹਾਡਾ ਇਲਾਜ ਪੂਰਾ ਹੋ ਗਿਆ ਹੈ।

ਦੂਸਰੇ ਲੋਕਾਂ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰਨ ਵਾਸਤੇ, ਤੁਹਾਡੇ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਟੀਬੀ ਦੇ ਵਿਗਾੜ ਦੇ ਜੋਖਮ ਵਾਲੇ ਲੋਕਾਂ ਦੀ ਪਛਾਣ ਕਰਨ ਵਿੱਚ ਮਦਦ ਲਈ, ਇਹ ਦੱਸਣਾ ਮਹੱਤਵਪੂਰਨ ਹੈ ਕਿ ਤੁਹਾਡਾ ਸੰਪਰਕ ਕਿੰਨਾਂ ਨਾਲ ਰਿਹਾ ਹੈ। ਤੁਹਾਡੇ ਦੁਆਰਾ ਦਿੱਤੀ ਗਈ ਸਾਰੀ ਜਾਣਕਾਰੀ ਗੁਪਤ ਰੱਖੀ ਜਾਏਗੀ।

## ਮੈਂ ਦੂਸਰੇ ਲੋਕਾਂ ਨੂੰ ਟੀਬੀ ਦੇਣ ਦੇ ਜੋਖਮ ਨੂੰ ਕਿਵੇਂ ਘਟਾ ਸਕਦਾ/ਦੀ ਹਾਂ?

ਜੇ ਤੁਹਾਨੂੰ ਫੇਫੜਿਆਂ ਜਾਂ ਗਲੇ ਵਿੱਚ ਛੂਤਕਾਰੀ ਟੀਬੀ ਹੈ ਤਾਂ ਤੁਸੀਂ ਇਲਾਜ ਸ਼ੁਰੂ ਕਰਨ ਤੋਂ ਕਈ ਹਫਤਿਆਂ ਬਾਅਦ ਵੀ, ਟੀਬੀ ਦੇ ਬੈਕਟੀਰੀਆ ਨੂੰ ਦੂਸਰੇ ਲੋਕਾਂ ਤੱਕ ਫੈਲਾ ਸਕਦੇ ਹੋ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਬਿਮਾਰੀ ਫੈਲਾਉਣ ਦੇ ਜੋਖਮ ਨੂੰ ਘਟਾਉਣ ਲਈ ਤੁਹਾਨੂੰ ਮਾਸਕ ਪਾਉਣ ਅਤੇ ਘਰ ਰਹਿਣ ਲਈ ਕਹੇਗਾ। ਇਸ ਨੂੰ ਘਰ ਵਿੱਚ ਵਖਰੇਵਾਂ ਕਹਿੰਦੇ ਹਨ; ਇਹ ਦੂਸਰੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਬਹੁਤ ਮਹੱਤਵਪੂਰਨ ਕਦਮ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦਸੇਗਾ ਕਿ ਤੁਸੀਂ ਘਰ ਵਿੱਚ ਵਖਰੇਵਾਂ ਕਦੋਂ ਬੰਦ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ, HealthLinkBC File #51c ਤਪਦਿਕ ਲਈ ਘਰ ਵਿੱਚ ਵਖਰੇਵਾਂ (ਟੀਬੀ) ਦੇਖੋ।